ਭਗਤ ਨਾਮਦੇਵ - ਸਬਦ ੨੭

ਹਰਿ ਹਰਿ ਕਰਤ ਮਿਟੇ ਸਭਿ ਭਰਮਾ ॥

ਰਾਗੁ ਗੋਂਡ, ਭਗਤ ਨਾਮਦੇਵ, ਗੁਰੂ ਗ੍ਰੰਥ ਸਾਹਿਬ, ੮੭੪

ਹਰਿ ਹਰਿ ਕਰਤ ਮਿਟੇ ਸਭਿ ਭਰਮਾ ॥
ਹਰਿ ਕੋ ਨਾਮੁ ਲੈ ਊਤਮ ਧਰਮਾ ॥
ਹਰਿ ਹਰਿ ਕਰਤ ਜਾਤਿ ਕੁਲ ਹਰੀ ॥
ਸੋ ਹਰਿ ਅੰਧੁਲੇ ਕੀ ਲਾਕਰੀ ॥੧॥
ਹਰਏ ਨਮਸਤੇ ਹਰਏ ਨਮਹ ॥
ਹਰਿ ਹਰਿ ਕਰਤ ਨਹੀ ਦੁਖੁ ਜਮਹ ॥੧॥ ਰਹਾਉ ॥
ਹਰਿ ਹਰਨਾਖਸ ਹਰੇ ਪਰਾਨ ॥
ਅਜੈਮਲ ਕੀਓ ਬੈਕੁੰਠਹਿ ਥਾਨ ॥
ਸੂਆ ਪੜਾਵਤ ਗਨਿਕਾ ਤਰੀ ॥
ਸੋ ਹਰਿ ਨੈਨਹੁ ਕੀ ਪੂਤਰੀ ॥੨॥
ਹਰਿ ਹਰਿ ਕਰਤ ਪੂਤਨਾ ਤਰੀ ॥
ਬਾਲ ਘਾਤਨੀ ਕਪਟਹਿ ਭਰੀ ॥
ਸਿਮਰਨ ਦ੍ਰੋਪਦ ਸੁਤ ਉਧਰੀ ॥
ਗਊਤਮ ਸਤੀ ਸਿਲਾ ਨਿਸਤਰੀ ॥੩॥
ਕੇਸੀ ਕੰਸ ਮਥਨੁ ਜਿਨਿ ਕੀਆ ॥
ਜੀਅ ਦਾਨੁ ਕਾਲੀ ਕਉ ਦੀਆ ॥
ਪ੍ਰਣਵੈ ਨਾਮਾ ਐਸੋ ਹਰੀ ॥
ਜਾਸੁ ਜਪਤ ਭੈ ਅਪਦਾ ਟਰੀ ॥੪॥੧॥੫॥

ਸਾਰ: ਧਰਮ ਕੋਈ ਧਾਰਮਿਕ ਜਾਂ ਸਮਾਜਿਕ ਸ਼ਿਸ਼ਟਾਚਾਰ ਨਹੀਂ ਹੈ ਜਿਸਦੀ ਸਿਰਫ਼ ਬਾਹਰੀ ਤੌਰ ‘ਤੇ ਪਾਲਣਾ ਕੀਤੀ ਜਾਵੇ; ਇਹ ਤਾਂ ਉਸ ਮਰਿਯਾਦਾ ਨੂੰ ਜੀਉਣ ਦਾ ਨਾਮ ਹੈ ਜਿਸ ਰਾਹੀਂ ਸ੍ਰਿਸ਼ਟੀ ਵਿਚਲੀ

ਏਕਤਾ ਅਤੇ ਏਕਮਤਾ ਨੂੰ ਉਤਸ਼ਾਹਿਤ ਕੀਤਾ ਜਾਂਦਾ ਹੈ। ਧਾਰਮਿਕਤਾ ਦੀ ਇਹ ਅਵਸਥਾ ਸਿਰਫ਼ ਬੌਧਿਕ ਅਹਿਸਾਸ ਨਹੀਂ ਹੈ ਕਿ ਸਾਰੀ ਹੋਂਦ ਇਕ ਦੈਵੀ ਢਾਂਚਾ ਹੈ, ਬਲਕਿ ਇਹ ਰੋਜ਼ਾਨਾ ਜੀਵਨ ਵਿਚ ਉਸ ਸੱਚਾਈ ਦਾ ਜੀਵੰਤ ਪ੍ਰਗਟਾਵਾ ਹੈ। ਇਹ ਖੇਡ ਉਸ ਵੇਲੇ ਖੇਡੀ ਜਾਂਦੀ ਹੈ ਜਦੋਂ ਅੰਤਰੀਵੀ ਜਾਗਰੂਕਤਾ ਅਤੇ ਬਾਹਰੀ ਕਿਰਿਆਵਾਂ ਵਿਚ ਪੂਰੀ ਇਕਸੁਰਤਾ ਕਾਇਮ ਹੁੰਦੀ ਹੈ। ਅੰਤਰੀਵੀ ਏਕਤਾ ਨੂੰ ਮਹਿਸੂਸ ਕਰਨ ਲਈ ਇਹ ਜ਼ਰੂਰੀ ਹੈ ਕਿ ਇਹ ਸਾਡੇ ਮਨ, ਬਚ ਅਤੇ ਕਰਮਾਂ ਵਿਚ ਦਿਖਾਈ ਦੇਵੇ। ਜਦੋਂ ਕਰਮ ਇਸ ਜਾਗਰੂਕਤਾ ਦਾ ਪ੍ਰਗਟਾਵਾ ਹੋ ਜਾਂਦੇ ਹਨ ਤਾਂ ਹਉਮੈਂ, ਵੰਡੀਆਂ ਅਤੇ ਸਵੈ-ਕੇਂਦਰਿਤ ਸੋਚ ਤੋਂ ਕੋਈ ਸੁਤੇ ਸਿਧ ਹੀ ਪਾਰ ਹੋ ਜਾਂਦਾ ਹੈ। ਇਸ ਤਰ੍ਹਾਂ, ਧਰਮ ਸਚਿਆਈ, ਉਹ ਧਾਰਾ ਹੈ ਜਿਸ ਵਿਚ ਅਨੁਭਵ ਅਤੇ ਏਕਮਤਾ ਸਹਿਜ ਰੂਪ ਵਿਚ ਨਿਰੰਤਰ ਵਗਦੇ ਰਹਿੰਦੇ ਹਨ।

ਹਰਿ ਹਰਿ ਕਰਤ ਮਿਟੇ ਸਭਿ ਭਰਮਾ ॥
ਸਰਬ-ਵਿਆਪੀ ਊਰਜਾ ਦੇ ਤੱਤਸਾਰ ਨਾਲ ਗੂੰਜਦੇ ਹੋਏ, ਸਾਰੇ ਸੰਦੇਹ ਮਿਟ ਜਾਂਦੇ ਹਨ। ਇਹ ਭਾਵ ਸੁਝਾਅ ਦਿੰਦਾ ਹੈ ਕਿ ਸ੍ਰਿਸ਼ਟੀ ਦੀ ਏਕਤਾ ਦਾ ਸਿਮਰਨ ਕੀਤਿਆਂ ਮਾਨਸਿਕ ਵਿਗਾੜ ਦੂਰ ਹੁੰਦੇ ਹਨ ਅਤੇ ਅੰਤਰੀਵੀ ਇਕਸੁਰਤਾ ਬਹਾਲ ਹੁੰਦੀ ਹੈ।

ਹਰਿ ਕੋ ਨਾਮੁ ਲੈ ਊਤਮ ਧਰਮਾ ॥
ਸ੍ਰਿਸ਼ਟੀ ਦੀ ਏਕਤਾ ਦਾ ਚਿੰਤਨ ਅਤੇ ਉਸਨੂੰ ਜੀਵਨ ਵਿਚ ਪ੍ਰਗਟ ਕਰਨਾ ਸਭ ਤੋਂ ਉੱਚਾ ਧਰਮ ਹੈ। ਇਹ "ਧਰਮ" ਨੂੰ ਇਸ ਰੂਪ ਵਿਚ ਦਰਸਾਉਂਦਾ ਹੈ ਕਿ ਮਨੁੱਖ ਅੰਦਰੋਂ ਏਕਮ ਸਤਾ ਨੂੰ ਜਾਣੇ ਅਤੇ ਬਾਹਰੋਂ ਆਪਣੇ ਕਰਮਾਂ ਰਾਹੀਂ ਉਸਨੂੰ ਪ੍ਰਗਟ ਕਰੇ।

ਹਰਿ ਹਰਿ ਕਰਤ ਜਾਤਿ ਕੁਲ ਹਰੀ ॥
ਜਦੋਂ ਅਸੀਂ ਸਰਬਵਿਆਪੀ ਚੇਤਨਾ ਦੇ ਮੂਲ ਤੱਤਸਾਰ ਨਾਲ ਇਕਸੁਰ ਹੋ ਜਾਂਦੇ ਹਾਂ, ਤਾਂ ਜਾਤ ਅਤੇ ਕੁਲ ਦੇ ਭੇਦ-ਭਾਵ ਮਿਟ ਜਾਂਦੇ ਹਨ। ਇਹ ਭਾਵ ਪਹਿਚਾਣ ਦੇ ਖਾਤਮੇ ਨੂੰ ਦਰਸਾਉਂਦਾ ਹੈ, ਏਕਮ ਸਤਾ ਦਾ ਅਨੁਭਵ ਹੋਣ ਨਾਲ ਸਮਾਜਿਕ ਦਰਜ਼ਾਬੰਦੀ ਅਤੇ ਵੰਸ਼ ਦਾ ਅਹੰਕਾਰ ਅਰਥਹੀਨ ਹੋ ਜਾਂਦੇ ਹਨ।

ਸੋ ਹਰਿ ਅੰਧੁਲੇ ਕੀ ਲਾਕਰੀ ॥੧॥

ਉਹ ਸਰਬ ਵਿਆਪਕ ਚੇਤਨਾ ਦ੍ਰਿਸ਼ਟੀਹੀਣਾਂ ਲਈ ਸੋਟੀ ਵਾਂਗ ਇਕ ਮਾਰਗਦਰਸ਼ਕ ਸ਼ਕਤੀ ਹੈ। ਇਹ ਦਰਸਾਉਂਦਾ ਹੈ ਕਿ ਅਗਿਆਨਤਾ ਨਾਲ ਅੰਨ੍ਹੇ ਹੋਏ ਮਨ ਲਈ ਆਤਮ-ਚਿੰਤਨ ਹੀ ਅਸਲ ਅਤੇ ਇਕੱਲਾ ਭਰੋਸੇਯੋਗ ਰਾਹਨੁਮਾ ਹੈ। (੧)

ਹਰਏ ਨਮਸਤੇ ਹਰਏ ਨਮਹ ॥

ਮੈਂ ਸਰਬਵਿਆਪੀ ਚੇਤਨਾ ਦੇ ਸਨਮਾਨ ਵਿਚ ਸਿਜਦਾ ਕਰਦਾ ਹਾਂ ਅਤੇ ਆਪਣੀ ਹਉਮੈਂ ਸਰਬਵਿਆਪੀ ਸਤਾ ਸਾਹਮਣੇ ਸਮਰਪਣ ਕਰਦਾ ਹਾਂ। ਸੰਸਕ੍ਰਿਤੀ ਦੇ ਸ਼ਬਦ "ਨਮਹ" ਮਹ ਅਤੇ ਨ ਦਾ ਯੋਜਕ ਹੈ। "ਮਹ" ਹਉਮੈਂ ਨੂੰ ਦਰਸਾਉਂਦਾ ਹੈ ਅਤੇ "ਨ" ਇਸਨੂੰ ਨਕਾਰਦਾ ਹੈ, ਜਿਸ ਦਾ ਭਾਵ ਹੈ ਮੈਂ ਆਪਣੇ ਹੰਕਾਰ ਦਾ ਸਮਰਪਣ ਕਰਦਾ ਹਾਂ, ਜਦੋਂ ਇਸਨੂੰ "ਤੇ" ਜਿਸ ਦਾ ਭਾਵ ਤੁਹਾਡਾ, ਨਾਲ ਜੋੜ ਦਿੱਤਾ ਜਾਂਦਾ ਹੈ ਤਾਂ ਇਹ ਨਮਸਤੇ ਬਣ ਜਾਂਦਾ ਹੈ ਜਿਸਦਾ ਭਾਵ ਮੈਂ ਆਪਣੀ ਹਉਮੈਂ ਉਸ ਸਰਬਵਿਆਪਕ ਚੇਤਨਾ ਦੇ ਸਨਮੁਖ ਭੇਟ ਕਰਦਾ ਹਾਂ। ਇਹ ਪ੍ਰਗਟਾਵਾ ਸਾਰੇ ਜੀਵਾਂ ਵਿਚ ਦੈਵੀ ਹੋਂਦ ਪ੍ਰਤੀ ਸ਼ਰਧਾ ਭੇਟ ਕਰਦਾ ਹੈ।

ਹਰਿ ਹਰਿ ਕਰਤ ਨਹੀ ਦੁਖੁ ਜਮਹ ॥੧॥ ਰਹਾਉ ॥

ਸਰਬ-ਵਿਆਪੀ ਏਕਤਾ ਦੇ ਤੱਤਸਾਰ ਨਾਲ ਸੁਰਤਾਲ ਹੁੰਦਿਆਂ ਹੋਇਆਂ, ਰੂਹਾਨੀ ਮੌਤ ਪੈਦਾ ਨਹੀਂ ਹੁੰਦੀ, ਜੋ ਦੁੱਖ ਦਾ ਕਾਰਨ ਬਣਦੀ ਹੈ। ਇਹ ਭਾਵ ਉਸ ਮਨ ਨੂੰ ਦਰਸਾਉਂਦਾ ਹੈ ਜੋ ਏਕਮ ਸਤਾ ਨਾਲ ਬੱਝਾ ਹੋਇਆ ਹੈ, ਅਤੇ ਇਹ ਦਵੈਤ, ਮੌਤ, ਜਾਂ ਅਸਥਿਰਤਾ ਤੋਂ ਅਛੂਤਾ ਹੈ। (੧)(ਠਹਿਰਾਉ)

ਹਰਿ ਹਰਨਾਖਸ ਹਰੇ ਪਰਾਨ ॥

ਹਰਨਾਕਸ਼ ਵਰਗੇ ਅਹੰਕਾਰੀ ਰਾਜੇ ਦੇ ਨਕਾਰਾਤਮਕ ਗੁਣਾਂ ਦਾ ਨਾਸ਼ ਕਰਨਾ ਇਹ ਦਰਸਾਉਂਦਾ ਹੈ ਕਿ ਜਦੋਂ ਅਹੰਕਾਰ ਟੁੱਟਦਾ ਹੈ ਤਾਂ ਸਰਬਵਿਆਪੀ ਚੇਤਨਾ ਪ੍ਰਗਟ ਹੁੰਦੀ ਹੈ, ਜੋ ਜੀਵਨ ਵਿਚ ਸਕਾਰਾਤਮਕ ਵਿਗਾਸ ਪੈਦਾ ਕਰਦੀ ਹੈ। ਇਹ ਭਾਵ ਹਉਮੈਂ ਦੇ ਵਿਨਾਸ਼ ਦਾ ਪ੍ਰਤੀਕ ਹੈ, ਕਿਉਂਕਿ ਕੁਦਰਤ ਦੇ ਨਿਯਮ ਅੰਤ ਵਿਚ ਬੇਲਗਾਮ ਅਤੇ ਅਹੰਕਾਰ ਵਿਚ ਮਦਹੋਸ਼ ਮਨ ਨੂੰ ਢਹਿ-ਢੇਰੀ ਕਰ ਹੀ ਦਿੰਦੇ ਹਨ।

ਅਜੈਮਲ ਕੀਓ ਬੈਕੁੰਠਹਿ ਥਾਨ ॥

ਨੇਕੀ ਦੇ ਮਾਰਗ ਤੋਂ ਭਟਕੇ ਹੋਏ ਅਜਾਮਲ ਨੂੰ ਬੈਕੁੰਠ, ਸ਼ਾਂਤੀ ਦੇ ਖੰਡ ਦੀ ਪ੍ਰਾਪਤੀ ਹੋਈ। ਇਹ ਭਾਵ ਦਰਸਾਉਂਦਾ ਹੈ ਕਿ ਜਿਨ੍ਹਾਂ ਨੇ ਆਪਣਾ ਜੀਵਨ ਭਟਕਦਿਆਂ ਹੋਇਆ ਬਤੀਤ ਕੀਤਾ ਹੋਵੇ ਉਹ ਵੀ ਰੁਪਾਂਤ੍ਰਣ ਦੇ ਰਾਹ ਤੁਰ ਬਿਬੇਕ ਦੇ ਰਾਹੀਂ ਅੰਤਰੀਵੀ ਸਪਸ਼ਟਤਾ ਪ੍ਰਾਪਤ ਕਰ ਸਕਦੇ ਹਨ।

ਸੂਆ ਪੜਾਵਤ ਗਨਿਕਾ ਤਰੀ ॥

ਤੋਤੇ ਨੂੰ ਇਕ ਸਤਾ ਦੇ ਬਚਨ ਸਿਖਾਉਂਦੀ ਹੋਈ ਗਣਿਕਾ ਵੀ ਨਕਾਰਾਤਮਕਤਾ ਤੋਂ ਪਾਰ ਹੋ ਗਈ। ਇਹ ਭਾਵ ਦਰਸਾਉਂਦਾ ਹੈ ਕਿ ਸਕਾਰਾਤਮਕਤਾ ਨਾਲ ਸਹਿਜ ਸੁਭਾ ਵਿਚ ਜੋੜਿਆ ਰਿਸ਼ਤਾ ਅਵਚੇਤਨ ਪੱਧਰ 'ਤੇ ਰੁਪਾਂਤ੍ਰਣ ਅਤੇ ਵਿਗਾਸ ਦੀ ਚਿਣਗ ਲਗਾ ਸਕਦਾ ਹੈ।

ਸੋ ਹਰਿ ਨੈਨਹੁ ਕੀ ਪੂਤਰੀ ॥੨॥

ਇਸ ਤਰ੍ਹਾਂ ਸਰਬ-ਵਿਆਪੀ ਏਕਮ ਸਤਾ ਅੱਖ ਦੀ ਪੁਤਲੀ ਦੇ ਬਰਾਬਰ ਹੋ ਸਕਦੀ ਹੈ। ਕੇਂਦਰੀ ਦ੍ਰਿਸ਼ਟੀ ਦਾ ਇਹ ਹਵਾਲਾ ਦਾਅਵਾ ਕਰਦਾ ਹੈ ਕਿ ਇਹ ਜਾਗਰੂਕਤਾ ਹੀ ਉਹ ਮੂਲ ਹੈ ਜਿਸ ਰਾਹੀਂ ਅਸੀਂ ਅਸਲੀਅਤ ਨੂੰ ਸਮਝ ਸਕਦੇ ਹਾਂ। (੨)

ਹਰਿ ਹਰਿ ਕਰਤ ਪੂਤਨਾ ਤਰੀ ॥

ਸਰਬ ਵਿਆਪਕ ਏਕਮ ਸਤਾ ਨਾਲ ਇਕਸੁਰ ਹੋ, ਪੂਤਨਾ, ਇਕ ਬਦਲਾਖੋਰੀ ਮਨੋਬਿਰਤੀ ਨੇ ਆਪਣੀ ਨਕਾਰਾਤਮਕਤਾ ਨੂੰ ਪਾਰ ਕਰ ਲਿਆ। ਇਹ ਭਾਵ ਸੁਝਾਅ ਦਿੰਦਾ ਹੈ ਕਿ ਧੁਰ ਅੰਦਰ ਤੱਕ ਵੱਸੇ, ਜ਼ਹਿਰੀਲੇ ਅਤੇ ਭਰਮਮਈ ਵਿਚਾਰਾਂ ਨੂੰ ਉਦੋਂ ਬਦਲਿਆ ਜਾ ਸਕਦਾ ਹੈ ਜਦੋਂ ਅਸੀਂ ਜਾਗਰੂਕਤਾ ਅਤੇ ਸੂਝ ਪੈਦਾ ਕਰਦੇ ਹਾਂ।

ਬਾਲ ਘਾਤਨੀ ਕਪਟਹਿ ਭਰੀ ॥

ਮਾਸੂਮ ਲੋਕਾਂ ਦਾ ਨਾਸ਼ ਕਰਨ ਵਾਲਾ ਧੋਖੇ ਨਾਲ ਭਰਿਆ ਹੋਇਆ ਸੀ। ਇਹ ਦ੍ਰਿਸ਼ਟਾਂਤ ਉਨ੍ਹਾਂ ਭਾਵਨਾਵਾਂ ਨੂੰ ਦਰਸਾਉਂਦਾ ਹੈ, ਜੋ ਦੁਰਾਚਾਰੀ ਇਰਾਦਿਆਂ, ਚਲਾਕੀ ਜਾਂ ਹੇਰਾਫੇਰੀ ਉਪਰ ਕੇਂਦਰਿਤ ਹੋਣ।

ਸਿਮਰਨ ਦ੍ਰੋਪਦ ਸੁਤ ਉਧਰੀ ॥

ਚਿੰਤਨ ਰਾਹੀਂ ਰਾਜਾ ਦ੍ਰੁਪਦ ਦੇ ਪੁੱਤਰ ਨੇ ਬੋਧ ਪ੍ਰਾਪਤ ਕੀਤਾ। ਦ੍ਰਿਸ਼ਟਦਯੁਮਨ ਦੀ ਇਹ ਕਥਾ, ਜਿਸਨੇ ਬਦਲੇ ਦੀ ਵਿਨਾਸ਼ਕਾਰੀ ਪ੍ਰਵਿਰਤੀ ਉੱਤੇ ਜਿੱਤ ਹਾਸਲ ਕੀਤੀ, ਦਰਸਾਉਂਦੀ ਹੈ ਕਿ ਆਤਮ-ਚਿੰਤਨ ਮਨੁੱਖ ਦੇ ਅੰਦਰ ਗੂੜ੍ਹ ਰੁਪਾਂਤ੍ਰਣ ਲਿਆ ਆਤਮਿਕ ਵਿਕਾਸ ਨੂੰ ਜਨਮ ਦੇ ਸਕਦਾ ਹੈ।

ਗਊਤਮ ਸਤੀ ਸਿਲਾ ਨਿਸਤਰੀ ॥੩॥

ਰਿਸ਼ੀ ਗੌਤਮ ਦੀ ਸਮਰਪਿਤ ਪਤਨੀ, ਜੋ ਪੱਥਰ ਬਣ ਗਈ ਸੀ, ਮੁਕਤ ਹੋ ਗਈ। ਇਹ ਰੂਪਕ ਉਸ ਬਦਲਾਅ ਨੂੰ ਦਰਸਾਉਂਦਾ ਹੈ ਜਿਸ ਵਿਚ ਮਨੁੱਖ ਉਦਾਸੀਨਤਾ ਤੋਂ ਦਇਆ ਵੱਲ ਵਧਦਾ ਹੈ, ਪੱਥਰ ਆਤਮਿਕ ਅਗਿਆਨਤਾ ਦਾ ਪ੍ਰਤੀਕ ਹੈ ਅਤੇ ਮੁਕਤੀ ਆਤਮਿਕ ਜਾਗਰੂਕਤਾ ਦੀ। (੩)

ਕੇਸੀ ਕੰਸ ਮਥਨੁ ਜਿਨਿ ਕੀਆ ॥

ਉਹ ਸਰਬਵਿਆਪੀ ਸਤਾ ਜਿਸਨੇ ਕੇਸੀ ਅਤੇ ਕੰਸ ਦਾ ਅੰਤ ਕੀਤਾ। ਇਹ ਨਕਾਰਾਤਮਕ ਅੰਤਰੀਵੀ ਤਾਨਾਂਸ਼ਾਹਾਂ ਨੂੰ ਦਰਸਾਉਂਦੇ ਹਨ ਜੋ ਕ੍ਰੋਧ, ਹੰਕਾਰ ਅਤੇ ਜ਼ੁਲਮ ਵਰਗੇ ਵਿਨਾਸ਼ਕਾਰੀ ਗੁਣਾਂ ਦੇ ਪ੍ਰਤੀਕ ਹਨ।

ਜੀਅ ਦਾਨੁ ਕਾਲੀ ਕਉ ਦੀਆ ॥

ਸਰਬ-ਵਿਆਪਕ ਸਤਾ ਨੇ ਕਾਲੀ ਸੱਪ ਨੂੰ ਬਖ਼ਸ਼ ਉਸਨੂੰ ਜੀਵਨ ਰੂਪੀ ਉਪਹਾਰ ਦਿੱਤਾ। ਇਹ ਕਰਮ ਸਿਰਫ਼ ਦਇਆ ਹੀ ਨਹੀਂ ਬਲਕਿ ਰੁਪਾਂਤ੍ਰਣ ਦੀ ਖੇਡ ਨੂੰ ਦਰਸਾਉਂਦਾ ਹੈ, ਸੱਪ ਦਾ ਦ੍ਰਿਸ਼ਟਾਂਤ ਇਹ ਸਮਝਾਉਂਦਾ ਹੈ ਕਿ ਜੋ ਅੰਦਰੋਂ ਜ਼ਹਿਰੀਲਾ ਵੀ ਹੋਵੇ ਉਸ ਨੂੰ ਵੀ ਰੂਹਾਨੀ ਕਲਾ ਰਾਹੀ ਰੁਪਾਂਤ੍ਰਿਤ ਕੀਤਾ ਜਾ ਸਕਦਾ ਹੈ।

ਪ੍ਰਣਵੈ ਨਾਮਾ ਐਸੋ ਹਰੀ ॥

ਨਾਮਦੇਵ ਕਹਿੰਦੇ ਹਨ ਕਿ ਉਹ ਅਜਿਹੇ ਸਰਬ ਵਿਆਪਕ ਬਿਬੇਕ ਅੱਗੇ ਅਰਦਾਸ ਕਰਦੇ ਹਨ। ਇਹ ਭਾਵ ਵਿਸ਼ਵਵਿਆਪੀ ਭਲਾਈ ਲਈ ਏਕਮ ਸਤਾ ਦੀ ਭਾਲ ਅਤੇ ਸਤਿਕਾਰ ਦੀ ਮਹੱਤਤਾ ਨੂੰ ਉਜਾਗਰ ਕਰਦਾ ਹੈ।

ਜਾਸੁ ਜਪਤ ਭੈ ਅਪਦਾ ਟਰੀ ॥੪॥੧॥੫॥

ਸਦ-ਹਾਜ਼ਰ ਸਤਾ 'ਤੇ ਵਿਚਾਰ ਕਰਨ ਨਾਲ, ਮੁਸੀਬਤਾਂ ਦਾ ਡਰ ਘੱਟ ਜਾਂਦਾ ਹੈ। ਇਹ ਭਾਵ ਸੁਝਾਅ ਦਿੰਦਾ ਹੈ ਕਿ ਏਕਤਾ ਦੀ ਥਰਥਰਾਹਟ ਹੋਂਦ ਦੀ ਹਫੜਾ-ਦਫੜੀ ਦੇ ਵਿਰੁੱਧ ਸਪਸ਼ਟਤਾ ਦੀ ਇਕ ਸੁਰੱਖਿਅਤ ਢਾਲ ਬਣਾਉਂਦੀ ਹੈ। (੪)(੧)(੫)

ਤੱਤ: ਭਗਤ ਨਾਮਦੇਵ ਮਿਥਹਾਸਿਕ ਪਾਤਰਾਂ ਦੇ ਉਦਾਹਰਨਾਂ ਰਾਹੀਂ ਦਰਸਾਉਂਦੇ ਹਨ ਕਿ ਅਸੀਂ ਆਪਣੀਆਂ ਤਬਾਹਕੁੰਨ ਭਾਵਨਾਵਾਂ ਨੂੰ ਬੇਸੋਚੀ ਪ੍ਰਤੀਕਿਰਿਆ ਨਾਲ ਨਹੀਂ, ਸਗੋਂ ਜਾਗਰੂਕਤਾ ਰਾਹੀਂ ਬਦਲ ਸਕਦੇ ਹਾਂ। ਪੂਤਨਾ ਦੀ ਕਥਾ ਦੱਸਦੀ ਹੈ ਕਿ ਮੰਦੀ ਨੀਅਤ ਵੀ ਸੱਚ ਨਾਲ ਜੁੜ ਕੇ ਰੁਪਾਂਤ੍ਰਿਤ ਹੋ ਸਕਦੀ ਹੈ। ਗਣਿਕਾ ਸਿਖਾਉਂਦੀ ਹੈ ਕਿ ਭੁੱਲਾਂ ਵੀ ਜਾਗਰਣ ਦੇ ਮੌਕੇ ਬਣ ਸਕਦੀਆਂ ਹਨ। ਜਦੋਂ ਕਿ ਕੰਸ ਇਹ ਦਰਸਾਉਂਦਾ ਹੈ ਕਿ ਵਿਨਾਸ਼ਕਾਰੀ ਸ਼ਕਤੀਆਂ ਅੰਤ ਵਿੱਚ ਆਪਣੇ ਵਿਰੁੱਧ ਹੀ ਟਕਰਾਉਂਦੀਆਂ ਹਨ। ਇਹ ਸਾਰੀਆਂ ਕਥਾਵਾਂ ਸਾਡੀ ਅੰਤਰੀਵੀ ਯਾਤਰਾ ਦੇ ਪ੍ਰਤੀਬਿੰਬ ਹਨ, ਜੋ ਸਾਨੂੰ ਇਹ ਯਾਦ ਦਿਵਾਉਂਦੇ ਹਨ ਕਿ ਜੋ ਕੁਝ ਅਸੀਂ ਅੰਦਰ ਪਾਲਦੇ ਹਾਂ, ਉਹ ਅਟੱਲ ਨਹੀਂ; ਇਨ੍ਹਾਂ ਨੂੰ ਸਮਝਿਆ ਅਤੇ ਨਵਾਂ ਰੂਪ ਦਿੱਤਾ ਜਾ ਸਕਦਾ ਹੈ। ਅਸਲ ਵਿਕਾਸ ਤਦੋਂ ਹੁੰਦਾ ਹੈ ਜਦੋਂ ਅਸੀਂ ਹਨੇਰੇ ਨੂੰ ਜਾਗਰੂਕਤਾ ਵਿਚ ਬਦਲ ਦਿੰਦੇ ਹਾਂ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**
ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**